بِسۡمِ اللّٰہِ الرَّحۡمٰنِ الرَّحِیۡمِ نَحۡمَدُہٗ وَ نُصَلِّیۡ عَلٰی رَسُوۡلِہِ الۡکَرِیۡمِ وَعَلٰی عَبۡدِہِ الۡمَسِیۡحِ الۡمَوۡعُوۡدِ

لَآ اِلٰہَ اِلَّا اللّٰہُ مُحَمَّدٌ رَّسُوۡلُ اللّٰہِ

دفتر مجلس انصار اللہ بھارت

Office Of The Majlis Ansarullah Bharat

Mohallah Ahmadiyya Qadian-143516, Distt.Gurdaspur (Punjab) INDIA

Mob: +919682536974, E-Mail: ansarullah@qadian.in ਮੁਹੱਲਾ ਅਹਮਦੀਆ ਕਾਦੀਆਂ,ਜ਼ਿਲ੍ਹਾ ਗੁਰਦਾਸਪੁਰ (ਪੰਜਾਬ)

# ਹਜ਼ਰਤ ਅਕ਼ਦਸ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਦੇ ਇਰਸ਼ਾਦਾਂ ਦੀ ਰੋਸ਼ਨੀ ਵਿੱਚ ਤੌਹੀਦਿ ਇਲਾਹੀ ਦਾ ਇਮਾਨ ਅਫ਼ਰੋਜ਼ ਤਜ਼ਕਿਰਾ।

ਸੰਖੇਪ ਵਿਵਰਨ ਖ਼ੁਤਬਾ ਜੁਮਆ ਹਜ਼ਰਤ ਮਿਰਜ਼ਾ ਮਸਰੂਰ ਅਹਮਦ ਖ਼ਲੀਫ਼-ਤੁਲ-ਮਸੀਹ ਅਲ-ਖ਼ਾਮਿਸ ਅੱਯਦਾਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼, 03 ਅਪ੍ਰੈਲ 2026 ਈ:, ਮਸਜਿਦ ਮੁਬਾਰਕ, ਇਸਲਾਮਾਬਾਦ ਟਿਲਫ਼ੋਰਡ, ਯੂ.ਕੇ.

أَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَأَشْهَدُ أَنَّ مُحَمَّدًا عَبْدُهٗ وَرَسُوْلُهٗ ۞ أَمَّا بَعْدُ فَأَعُوْذُ بِاللّٰهِ مِنَ الشَّيْطٰنِ الرَّجِيْمِ ۞ بِسْمِ اللّٰهِ الرَّحْمٰنِ الرَّحِيْمِ ۞ أَلْحَمْدُ لِلّٰهِ رَبِّ الْعٰلَمِيْنَ ۞ أَلرَّحْمٰنِ الرَّحِيْمِ ۞ مٰلِكِ يَوْمِ الدِّيْنِ ۞ إِيَّاكَ نَعْبُدُ وَإِيَّاكَ نَسْتَعِيْنُ ۞ إِهْدِنَا الصِّرَاطَ الْمُسْتَقِيْمَ ۞ صِرَاطَ الَّذِيْنَ أَنْعَمْتَ عَلَيْهِمْ ۙ غَيْرِ الْمَغْضُوْبِ عَلَيْهِمْ وَلَا الضَّآلِّيْنَ ۞

**ਤਸ਼ੱਹੁਦ**, **ਤਅੱਵੁਜ਼** ਅਤੇ **ਸੂਰਤ ਫ਼ਾਤਿਹਾ** ਦੀ ਤਿਲਾਵਤ ਤੋਂ ਬਾਅਦ ਹਜ਼ੂਰ ਅਨਵਰ ਅੱਯਦਾ ਹੁੱਲਾਹੁ ਤਆਲਾ ਬਿਨਸ੍-ਰਿਹਿਲ੍ ਅਜ਼ੀਜ਼ ਨੇ ਫ਼ਰਮਾਇਆ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦੁਨੀਆ ਵਿੱਚ ਤੌਹੀਦ ਦੇ ਕ਼ਿਆਮ ਲਈ **ਦਰਦ**, **ਕੋਸ਼ਿਸ਼** ਅਤੇ **ਜੁਰਅਤ** ਅਤੇ ਸ਼ਿਰਕ ਦੇ ਹਰ ਪਹਿਲੂ ਦੇ ਮੁਕ਼ਾਬਲੇ ‘ਤੇ ਇੱਕ ਮਜ਼ਬੂਤ ਚੱਟਾਨ ਦੀ ਤਰ੍ਹਾਂ ਖੜੇ ਹੋ ਜਾਣ ਅਤੇ ਹਰ ਕ਼ੌਮ ਦੇ ਸ਼ਿਰਕਿਯਾ ਖ਼ਿਆਲਾਤ ਦੇ ਖ਼ਿਲਾਫ਼ ਖੜੇ ਹੋ ਜਾਣ ਅਤੇ ਸੱਚ ਕਹਿਣ ਦੇ ਬਾਰੇ ਅਸੀਂ ਪਹਿਲਾਂ ਪੜ੍ਹਦੇ ਰਹੇ ਹਾਂ।

ਇਸ ਹਵਾਲੇ ਨਾਲ਼ ਹਜ਼ਰਤ ਮਸੀਹ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ ਕਿ ਖ਼ਿਆਲ ਕਰਨਾ ਚਾਹੀਦਾ ਹੈ ਕਿ ਕਿਸ ਮਜ਼ਬੂਤੀ ਨਾਲ਼ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਆਪਣੇ ਦਾਅਵਇ ਨਬੁੱਵਤ ‘ਤੇ ਹਜ਼ਾਰਾਂ ਖ਼ਤਰਿਆਂ ਦੇ ਪੈਦਾ ਹੋ ਜਾਣ ਦੇ ਬਾਵਜੂਦ ਅਤੇ ਲੱਖਾਂ ਦੁਸ਼ਮਣਾਂ ਅਤੇ ਰੋਕਣ ਵਾਲ਼ਿਆਂ ਅਤੇ ਡਰਾਉਣ ਵਾਲ਼ਿਆਂ ਦੇ, ਅੱਵਲ ਤੋਂ ਅਖ਼ੀਰ ਦਮ ਤੱਕ ਮਜ਼ਬੂਤ ਅਤੇ ਕ਼ਾਇਮ ਰਹੇ।

ਫ਼ਰਮਾਇਆ ਕਿ ਫਿਰ **ਸਾਫ਼ਗੋਈ** ਇਸ ਕ਼ਦਰ ਕਿ ਤੌਹੀਦ ਦੀ ਨਸੀਹਤ ਕਰਕੇ ਸਭ ਕ਼ੌਮਾਂ ਅਤੇ ਸਾਰੇ ਫ਼ਿਰਕ਼ਿਆਂ ਅਤੇ ਸਾਰੇ ਜਹਾਨ ਦੇ ਲੋਕਾਂ ਨੂੰ, ਜਿਹੜੇ ਸ਼ਿਰਕ ਵਿੱਚ ਡੁੱਬੇ ਹੋਏ ਸਨ, ਵਿਰੋਧੀ ਬਣਾ ਲਿਆ। ਸੋਚਣਾ ਚਾਹੀਦਾ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਇੱਕੋ ਲਮਹੇ ਵਿੱਚ ਹਰ ਇੱਕ ਆਪਣੇ ਅਤੇ ਬੇਗਾਨੇ ਨਾਲ਼ ਵਿਗਾੜ ਲੈਣਾ ਅਤੇ ਸਿਰਫ਼ ਤੌਹੀਦ ਨੂੰ, ਜਿਹੜੀ ਉਨ੍ਹਾਂ ਦਿਨਾਂ ਵਿੱਚ ਜਿਸ ਤੋਂ ਜ਼ਿਆਦਾ ਕੋਈ **ਨਫ਼ਰਤੀ** ਚੀਜ਼ ਨਹੀਂ ਸੀ ਅਤੇ ਜਿਸ ਦੇ ਕਾਰਨ ਹਜ਼ਾਰਾਂ ਮੁਸ਼ਕਿਲਾਂ ਪੈਂਦੀਆਂ ਜਾਂਦੀਆਂ ਸਨ ਬਲਕਿ ਜਾਨ ਤੋਂ ਮਾਰੇ ਜਾਣਾ ਨਜ਼ਰ ਆਉਂਦਾ ਸੀ, ਮਜ਼ਬੂਤ ਫੜ ਲੈਣਾ, ਇਹ ਕਿਸੇ ਦੁਨਿਆਵੀ ਸਮਝਦਾਰੀ ਦਾ ਤਕ਼ਾਜ਼ਾ ਨਹੀਂ।

ਫ਼ਰਮਾਇਆ ਕਿ ਜਦ ਇੱਕ ਅਕ਼ਲਮੰਦ ਆਦਮੀ ਇਨ੍ਹਾਂ ਹਾਲਾਤਾਂ ‘ਤੇ ਗ਼ੌਰ ਕਰਕੇ ਕਿ ਉਹ ਜ਼ਮਾਨਾ ਕਿ ਜਿਸ ਵਿੱਚ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਮਬਊਸ ਹੋਏ, ਹਕ਼ੀਕ਼ਤ ਵਿੱਚ ਅਜਿਹਾ ਜ਼ਮਾਨਾ ਸੀ ਕਿ ਜਿਸ ਦੀ ਮੌਜੂਦਾ ਹਾਲਤ ਇੱਕ ਬਜ਼ੁਰਗ ਅਤੇ **ਅਜ਼ੀਮ ਰੱਬਾਨੀ ਮੁਸਲਿਹ** (ਵੱਡੇ ਰੱਬੀ ਸੁਧਾਰਕ) ਅਤੇ **ਆਸਮਾਨੀ ਹਾਦੀ** (ਆਸਮਾਨੀ ਹਿਦਾਇਤ ਦੇਣ ਵਾਲ਼ਾ) ਦੀ ਸ਼ਦੀਦ ਜ਼ਰੂਰਤ ਸੀ ਅਤੇ ਜਿਹੜੀ ਜਿਹੜੀ ਤਾਲੀਮ ਦਿੱਤੀ ਗਈ ਉਹ ਵੀ ਵਾਕ਼ਈ ਸੱਚੀ ਅਤੇ ਪਾਕ ਸੀ ਜਿਸ ਦੀ ਨਿਹਾਇਤ ਜ਼ਰੂਰਤ ਸੀ।

ਹਜ਼ੂਰ عليه السلام ਫ਼ਰਮਾਉਂਦੇ ਹਨ ਕਿ ਤੌਹੀਦ ਜਿਹੜੀ **ਮੁਕਤੀ** ਦਾ ਅਧਾਰ ਹੈ, ਕਿਸ ਕਿਤਾਬ ਦੇ ਜ਼ਰੀਏ ਦੁਨੀਆ ਵਿੱਚ ਸਭ ਤੋਂ ਜ਼ਿਆਦਾ ਪ੍ਰਚਲਿਤ ਹੋਈ.....ਭਲਾ ਕੋਈ ਦੱਸੇ ਤਾਂ ਸਹੀ ਕਿ ਕੀ **ਇੰਜੀਲ** ਦੇ ਜ਼ਰੀਏ ਤੌਹੀਦ ਦੁਨੀਆ ਵਿੱਚ ਫੈਲੀ ਹੈ? ਇਸਾਈ, ਜਿਨ੍ਹਾਂ ਦੀਆਂ ਸਿੱਖਿਆਵਾਂ ਹੀ ਤਿੰਨ ਖ਼ੁਦਾਵਾਂ ‘ਤੇ ਅਧਾਰਿਤ ਹਨ, ਉਹ ਕਿਸ ਤਰ੍ਹਾਂ ਤੌਹੀਦ ਦਾ ਐਲਾਨ

ਕਰਨ ਵਾਲੇ ਹੋਣਗੇ। ਉਨ੍ਹਾਂ ਦੀ ਨਜ਼ਰ ਵਿੱਚ ਫ਼ਰਜ਼ੀ **ਸੁਰਗ** ਯੂਰਪ ਦੀਆਂ ਦੋ ਪੁਰਾਣੀਆਂ ਕ਼ੌਮਾਂ ਰੂਸੀਆਂ ਅਤੇ ਅੰਗਰੇਜ਼ਾਂ ਨੂੰ ਅੱਧਾ ਅੱਧਾ ਕਰਕੇ ਦੇ ਦਿੱਤੀ ਜਾਵੇਗਾ। ਹੁਣ ਉਸ ਵਿੱਚ ਵੀ ਹੋਰ ਵੱਡੇ ਮੁਲਕਾਂ ਦੀ ਵੰਡ ਹੋ ਗਈ ਹੈ। ਅਮਰੀਕਾ ਵਾਲੇ ਵੀ ਕਹਿੰਦੇ ਹਨ ਬਲਕਿ ਹੁਣ ਤਾਂ ਇੱਥੋਂ ਤੱਕ ਕਿਹਾ ਜਾਣ ਲੱਗ ਗਿਆ ਹੈ ਕਿ ਅਮਰੀਕੀ ਸਦਰ ਡੋਨਾਲਡ ਟਰੰਪ ਮਸੀਹ ਦੀ ਦੁਬਾਰਾ ਆਮਦ ਹੈ ਅਤੇ **ਮੁਵੱਹਿਦੀਨ** (ਖ਼ੁਦਾਇ ਵਾਹਿਦ ਦੀ ਇਬਾਦਤ ਕਰਨ ਵਾਲੇ) ਉਨ੍ਹਾਂ ਦੀ ਨਜ਼ਰ ਵਿੱਚ ਅੱਗ ਵਿੱਚ ਪਾਏ ਜਾਣਗੇ।

ਅੱਜ ਦੁਨੀਆ ਵਿੱਚ ਉਹ ਸ਼ੈ ਕਿ ਜਿਸ ਦਾ ਨਾਮ ਤੌਹੀਦ ਹੈ ਸਿਵਾਏ ਉੱਮਤਿ ਮੁਹੰਮਦਿੱਯਾ ਦੇ ਹੋਰ ਕਿਸੇ ਫ਼ਿਰਕੇ ਵਿੱਚ ਪਾਈ ਨਹੀਂ ਜਾਂਦੀ ਅਤੇ ਬਜਾਏ ਕੁਰਆਨ ਸ਼ਰੀਫ਼ ਦੇ ਕਿਸੇ ਹੋਰ ਕਿਤਾਬ ਦਾ ਨਿਸ਼ਾਨ ਨਹੀਂ ਮਿਲਦਾ ਜਿਹੜੀ ਕਰੋੜਾਂ ਲੋਕਾਂ ਨੂੰ ਵਰਦਾਨਿਯਤਿ ਇਲਾਹੀ 'ਤੇ ਕ਼ਾਇਮ ਕਰਦੀ ਹੋਵੇ ਅਤੇ ਮੁਕੰਮਲ ਇੱਜ਼ਤ ਨਾਲ ਉਸ ਸੱਚੇ ਖ਼ੁਦਾ ਵੱਲ ਮਾਰਗਦਰਸ਼ਨ ਕਰਦੀ ਹੋਵੇ। ਹਰੇਕ ਕ਼ੌਮ ਨੇ ਆਪਣਾ ਆਪਣਾ ਝੂਠਾ ਖ਼ੁਦਾ ਬਣਾ ਲਿਆ ਹੈ, ਮੁਸਲਮਾਨਾਂ ਦਾ ਉਹੀ ਖ਼ੁਦਾ ਹੈ ਜਿਹੜਾ ਕ਼ਦੀਮ ਤੋਂ **ਅਨੰਤ** ਅਤੇ **ਗ਼ੈਰ ਮੁਬੱਦਲ** (ਜਿਸ ਵਿੱਚ ਕੋਈ ਤਬਦੀਲੀ ਨਾ ਹੋਈ ਹੋਵੇ) ਅਤੇ ਆਪਣੀ **ਅਨਾਦੀ** ਸਿਫ਼ਤਾਂ ਵਿੱਚ ਅਜਿਹਾ ਹੀ ਹੈ ਜਿਵੇਂ ਕਿ ਪਹਿਲਾਂ ਸੀ।

ਆਪ عليه السلام ਫ਼ਰਮਾਉਂਦੇ ਹਨ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਉਸ ਜ਼ਮਾਨੇ ਵਿੱਚ ਮਬਊਸ ਹੋਏ ਸਨ ਕਿ ਜਦ ਸਾਰੀ ਦੁਨੀਆ ਵਿੱਚ **ਸ਼ਿਰਕ** ਅਤੇ **ਗੁਮਰਾਹੀ** ਅਤੇ **ਮਖ਼ਲੂਕ਼ ਪ੍ਰਸਤੀ** ਫੈਲ ਚੁੱਕੀ ਸੀ ਅਤੇ ਸਾਰੇ ਲੋਕਾਂ ਨੇ ਸੱਚੇ ਅਸੂਲਾਂ ਨੂੰ ਛੱਡ ਦਿੱਤਾ ਸੀ ਅਤੇ **ਸਿਰਾਤਿ ਮੁਸਤਕ਼ੀਮ** (ਸਿੱਧੇ ਰਸਤੇ) ਨੂੰ ਭੁੱਲ ਭੁਲਾ ਕੇ ਹਰੇਕ ਫ਼ਿਰਕ਼ੇ ਨੇ ਅਲੱਗ ਅਲੱਗ **ਬਿਦਅਤਾਂ** ਦਾ ਰਸਤਾ ਲੈ ਲਿਆ ਸੀ। ਅਰਬ ਵਿੱਚ ਬੁੱਤ ਪ੍ਰਸਤੀ ਦਾ ਨਿਹਾਇਤ ਜ਼ੋਰ ਸੀ। ਫ਼ਾਰਿਸ (ਇਰਾਨ) ਵਿੱਚ ਆਤਿਸ਼ (ਅੱਗ) ਪ੍ਰਸਤੀ ਦਾ ਬਾਜ਼ਾਰ ਗਰਮ ਸੀ। ਹਿੰਦ ਵਿੱਚ ਇਲਾਵਾ ਬੁੱਤ ਪ੍ਰਸਤੀ ਦੇ ਹੋਰ ਹਜ਼ਾਰਾਂ ਤਰ੍ਹਾਂ ਦੀ ਮਖ਼ਲੂਕ਼ ਪ੍ਰਸਤੀ ਫੈਲ ਗਈ ਸੀ। ਬਸ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਦਾ ਅਜਿਹੀ ਆਮ ਗੁਮਰਾਹੀ ਦੇ ਵੇਲੇ ਮਬਊਸ ਹੋਣਾ ਕਿ ਜਦ ਜ਼ਮਾਨੇ ਦੇ ਹਾਲਾਤ ਖ਼ੁਦ ਇੱਕ ਬਜ਼ੁਰਗ ਇਲਾਜ ਕਰਨ ਵਾਲੇ ਅਤੇ ਸੁਧਾਰ ਕਰਨ ਵਾਲੇ ਨੂੰ ਚਾਹੁੰਦੇ ਸਨ ਅਤੇ ਰੱਬਾਨੀ ਹਿਦਾਇਤ ਦੀ ਬਹੁਤ ਜ਼ਿਆਦਾ ਜ਼ਰੂਰਤ ਸੀ, ਅਜਿਹੇ ਵਿੱਚ ਆਪ ﷺ ਦਾ ਜ਼ਹੂਰ ਫ਼ਰਮਾ ਕੇ ਇੱਕ ਦੁਨੀਆ ਨੂੰ ਤੌਹੀਦ ਅਤੇ ਨੇਕ ਕੰਮਾਂ ਨਾਲ ਰੌਸ਼ਨ ਕਰਨਾ ਅਤੇ ਸ਼ਿਰਕ ਅਤੇ ਮਖ਼ਲੂਕ਼ ਪ੍ਰਸਤੀ, ਜੋ ਕਿ ਸਭ ਬੁਰਾਈਆਂ ਦੀ ਮਾਂ ਹੈ, ਦਾ ਕ਼ਲ੍ਹਾ ਕ਼ਮ੍ਹਾ ਕਰਨਾ, ਇਸ ਗੱਲ 'ਤੇ ਸਾਫ਼ ਦਲੀਲ ਹੈ ਕਿ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਸੱਚੇ ਰਸੂਲ ਹਨ ਅਤੇ ਆਪ ﷺ ਸਭ ਰਸੂਲਾਂ ਤੋਂ ਅਫ਼ਜ਼ਲ ਹਨ।

ਜਦ ਲੋਕ ਖ਼ੁਦਾ ਦਾ ਰਸਤਾ ਭੁੱਲ ਜਾਂਦੇ ਹਨ ਅਤੇ ਖ਼ੁਦਾ ਅਤੇ ਤੌਹੀਦ ਪ੍ਰਸਤੀ ਨੂੰ ਛੱਡ ਦਿੰਦੇ ਹਨ ਤਾਂ ਖ਼ੁਦਾਵੰਦ ਤਆਲਾ ਆਪਣੇ ਵੱਲੋਂ ਕਿਸੇ ਬੰਦੇ ਨੂੰ ਮੁਕੰਮਲ **ਬਸੀਰਤ** (ਸਮਝ) ਅਤਾ ਫ਼ਰਮਾ ਕੇ ਅਤੇ ਆਪਣੇ **ਕਲਾਮ** ਅਤੇ **ਇਲਹਾਮ** ਨਾਲ ਮੁਸ਼ੱਰਫ਼ ਕਰਕੇ ਇਨਸਾਨਾਂ ਦੀ ਹਿਦਾਇਤ ਦੇ ਲਈ ਭੇਜਦਾ ਹੈ ਤਾਂ ਜੋ ਜਿਸ ਕ਼ਦਰ ਵਿਗਾੜ ਹੋ ਗਿਆ ਹੈ ਉਸ ਦਾ ਸੁਧਾਰ ਕਰੇ। ਇਸ ਵਿੱਚ ਅਸਲ ਹਕ਼ੀਕ਼ਤ ਇਹ ਹੈ ਕਿ ਪਰਵਰਦਿਗਾਰ, ਜੋ ਦੁਨੀਆ ਦਾ ਕ਼ਾਇਮ ਕਰਨ ਵਾਲਾ ਹੈ ਅਤੇ ਜਿਹੜਾ ਦੁਨੀਆ ਨੂੰ ਕ਼ਾਇਮ ਰੱਖਣ ਵਾਲਾ ਹੈ ਅਤੇ ਬਕ਼ਾ ਅਤੇ ਦੁਨੀਆ ਦਾ ਵਜੂਦ ਉਸੇ ਦੇ ਸਹਾਰੇ ਅਤੇ ਉਸੇ ਦੇ ਆਸਰੇ ਹੈ, ਆਪਣੀ ਕਿਸੇ ਫ਼ੈਜ਼ਾਨ ਰਸਾਨੀ (ਫ਼ਾਇਦਾ ਪਹੁੰਚਾਉਣ) ਦੀ ਸਿਫ਼ਤ ਨੂੰ ਖ਼ਲਕ਼ਤ ਤੋਂ ਦੂਰ ਨਹੀਂ ਕਰਦਾ ਅਤੇ ਨਾ ਬੇਕਾਰ ਅਤੇ ਮੁਅੱਤਲ ਛੱਡਦਾ ਹੈ ਬਲਕਿ ਹਰ ਇੱਕ ਸਿਫ਼ਤ ਉਸਦੀ ਆਪਣੇ ਮੌਕ਼ੇ 'ਤੇ ਅਚਾਨਕ ਜ਼ਾਹਿਰ ਹੋ ਜਾਂਦੀ ਹੈ।

ਹਜ਼ੂਰ ਨੇ ਫ਼ਰਮਾਇਆ ਕਿ ਇਸ ਜ਼ਮਾਨੇ ਵਿੱਚ ਅਸੀਂ ਦੇਖਦੇ ਹਾਂ ਕਿ ਅੱਲਾਹ ਤਆਲਾ ਦੇ ਵਾਅਦੇ ਦੇ ਮੁਤਾਬਿਕ਼ ਆਪ ﷺ ਦੇ **ਆਸ਼ਿਕ਼ਿ ਸਾਦਿਕ਼** ਨੂੰ ਅੱਲਾਹ ਤਆਲਾ ਨੇ ਤੌਹੀਦ ਦੇ ਕ਼ਿਆਮ ਦੇ ਲਈ **ਮਾਮੂਰ** ਕੀਤਾ। ਇਸ ਜ਼ਮਾਨੇ ਵਿੱਚ ਹਜ਼ਰਤ ਮਿਰਜ਼ਾ ਗ਼ੁਲਾਮ ਅਹਮਦ ਕਾਦੀਆਨੀ ਜਿਹੜੇ ਮਸੀਹ ਮੌਊਦ ਅਤੇ ਮਹਦੀ ਮੌਊਦ ਹਨ ਆਪ ﷺ ਦੀ ਤਾਲੀਮ ਅਤੇ ਸੁੰਨਤ ਦਾ ਅਮਲੀ ਨਮੂਨਾ ਸਨ ਅਤੇ ਆਪ عليه السلام ਦਾ ਦਿਲ ਆਪਣੇ ਆਕ਼ਾ ਦੀ ਪੈਰਵੀ ਵਿੱਚ ਅੱਲਾਹ ਤਆਲਾ ਦੀ ਤੌਹੀਦ ਦੇ ਫੈਲਾਉਣ ਲਈ ਇੱਕ ਦਰਦ ਨਾਲ ਭਰਿਆ ਹੋਇਆ ਸੀ।

ਚੁਨਾਂਚਿ ਸਾਨੂੰ ਆਪ ؑ ਦੀਆਂ ਲਿਖਤਾਂ ਅਤੇ ਆਪ ؑ ਦੀ ਅਮਲੀ ਜ਼ਿੰਦਗੀ ਵਿੱਚ ਇਸ ਦੀਆਂ ਬਹੁਤ ਸਾਰੀਆਂ ਮਿਸਾਲਾਂ ਨਜ਼ਰ ਆਉਂਦੀਆਂ ਹਨ ਜਿਨ੍ਹਾਂ ਵਿੱਚੋਂ ਚੰਦ ਇੱਕ ਮੈਂ ਪੇਸ਼ ਕਰਦਾ ਹਾਂ। ਹਜ਼ਰਤ ਮਸੀਹ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ ਕਿ ਖ਼ੁਦਾ ਤਆਲਾ ਦਾ ਸਾਡੇ ਨਾਲ਼ ਵੀ ਅਜੀਬ ਮਾਮਲਾ ਹੈ। ਸਾਡਾ ਇਹ ਇਲਹਾਮ ਕਿ أَنْتَ مِنِّیْ بِمَنْزِلَةِ تَوْحِیْدِیْ وَتَفْرِیْدِیْ ਇੱਕ ਨਵੀਂ ਤਰਜ਼ ਦਾ ਇਲਹਾਮ ਹੈ। ਅਸੀਂ ਪਹਿਲਾਂ ਕਿਸੇ ਇਲਹਾਮੀ ਇਬਾਰਤ ਵਿੱਚ ਇਸ ਕ਼ਿਸਮ ਦੇ ਅਲਫ਼ਾਜ਼ ਨਹੀਂ ਦੇਖੇ। ਇਸ ਦੇ ਮਾਇਨੇ ਜੋ ਸਾਡੇ ਖ਼ਿਆਲ ਵਿੱਚ ਆਉਂਦੇ ਹਨ ਕਿ ਅਜਿਹਾ ਸ਼ਖ਼ਸ ਤੌਹੀਦ ਦੇ ਮੁਕ਼ਾਮ 'ਤੇ ਹੀ ਹੁੰਦਾ ਹੈ, ਜਿਹੜਾ ਅਜਿਹੇ ਵਕ਼ਤ ਵਿੱਚ ਮਾਮੂਰ ਹੋਵੇ ਕਿ ਜਦ ਦੁਨੀਆ ਵਿੱਚ ਤੌਹੀਦਿ ਇਲਾਹੀ ਦਾ ਅਤਿਅੰਤ **ਨਿਰਾਦਰ** ਕੀਤਾ ਗਿਆ ਹੋਵੇ ਅਤੇ ਨਿਹਾਇਤ ਹੀ **ਹਕ਼ਾਰਤ** ਨਾਲ਼ ਦੇਖਿਆ ਜਾਂਦਾ ਹੋਵੇ। ਅਜਿਹਾ ਸ਼ਖ਼ਸ ਆਪ ਮੁਕੰਮਲ ਤੌਹੀਦ ਹੁੰਦਾ ਹੈ।

**ਸ਼ਿਰਕ** ਅਤੇ ਉਸ ਦੀਆਂ ਬਾਰੀਕ ਕ਼ਿਸਮਾਂ ਦਾ ਜ਼ਿਕਰ ਕਰਦੇ ਹੋਏ ਹਜ਼ੂਰ ؑ ਫ਼ਰਮਾਉਂਦੇ ਹਨ: ਇਹ ਵੀ ਚਾਹੀਦਾ ਹੈ ਕਿ ਹਰ ਇੱਕ ਕ਼ਿਸਮ ਦੇ ਸ਼ਿਰਕ ਤੋਂ ਪਰਹੇਜ਼ ਹੋਵੇ, ਨਾ **ਸੂਰਜ**, ਨਾ **ਚੰਦ**, ਨਾ ਰੂਹ ਦੇ **ਸਿਤਾਰੇ**, ਨਾ **ਹਵਾ**, ਨਾ **ਅੱਗ**, ਨਾ **ਪਾਣੀ**, ਨਾ ਕੋਈ ਹੋਰ ਜ਼ਮੀਨ ਦੀ **ਚੀਜ਼** ਪੂਜਣ ਯੋਗ ਠਹਿਰਾਈ ਜਾਵੇ ਅਤੇ ਨਾ ਦੁਨੀਆ ਦੇ ਜ਼ਰੀਆਂ ਨੂੰ ਅਜਿਹੀ ਇੱਜ਼ਤ ਦਿੱਤੀ ਜਾਵੇ ਅਤੇ ਅਜਿਹਾ ਉਨ੍ਹਾਂ 'ਤੇ ਭਰੋਸਾ ਕੀਤਾ ਜਾਵੇ ਜਿਵੇਂ ਗੋਇਆ ਉਹ ਖ਼ੁਦਾ ਦੇ ਸ਼ਰੀਕ ਹਨ, ਅਤੇ ਨਾ ਆਪਣੀ ਹਿੰਮਤ ਅਤੇ ਕੋਸ਼ਿਸ਼ ਨੂੰ ਕੋਈ ਚੀਜ਼ ਸਮਝਿਆ ਜਾਵੇ ਕਿ ਇਹ ਵੀ ਸ਼ਿਰਕ ਦੀਆਂ ਕ਼ਿਸਮਾਂ ਵਿੱਚੋਂ ਇੱਕ ਕ਼ਿਸਮ ਹੈ ਬਲਕਿ ਸਭ ਕੁੱਝ ਕਰਕੇ ਇਹ ਸਮਝਿਆ ਜਾਵੇ ਕਿ ਅਸੀਂ ਕੁੱਝ ਨਹੀਂ ਕੀਤਾ ਅਤੇ ਨਾ ਆਪਣੇ ਗਿਆਨ ਉੱਤੇ ਕੋਈ ਗ਼ਰੂਰ ਕੀਤਾ ਜਾਵੇ ਅਤੇ ਨਾ ਆਪਣੇ ਅਮਲ ਉੱਤੇ ਮਾਣ ਬਲਕਿ ਆਪਣੇ ਤਾਈਂ ਹਕ਼ੀਕ਼ਤ ਵਿੱਚ **ਜਾਹਿਲ** ਸਮਝੀਏ ਅਤੇ **ਆਲਸੀ** ਸਮਝੀਏ ਅਤੇ ਖ਼ੁਦਾ ਦੇ ਦਰ 'ਤੇ ਹਰ ਵੇਲੇ ਰੂਹ ਡਿੱਗੀ ਰਹੇ। ਇਨਸਾਨ ਦਾ ਗਿਆਨ ਕਿਸੇ ਸਿਖਾਉਣ ਵਾਲੇ ਦਾ ਮੁਹਤਾਜ ਹੈ ਅਤੇ ਫਿਰ ਸੀਮਿਤ ਹੈ ਪਰ ਉਸ (ਖ਼ੁਦਾ) ਦਾ ਗਿਆਨ ਕਿਸੇ ਦਾ ਮੁਹਤਾਜ ਨਹੀਂ ਹੈ।

ਹਜ਼ੂਰ ਅਨਵਰ ਨੇ ਫ਼ਰਮਾਇਆ: ਅੱਜ ਕੱਲ ਦੇ ਅਸਰ ਹੇਠ ਕਈ ਵਾਰ ਬੱਚਿਆਂ ਵਿੱਚ ਵੀ ਇਹ ਸਵਾਲ ਉੱਠਦੇ ਹਨ ਅਤੇ ਲਿਖਦੇ ਰਹਿੰਦੇ ਹਨ ਕਿ ਅੱਲਾਹ ਤਆਲਾ ਨੂੰ ਕਿਸ ਨੇ ਪੈਦਾ ਕੀਤਾ ਹੈ, ਅੱਲਾਹ ਤਆਲਾ **ਕਿੱਥੋਂ** ਆਇਆ ਹੈ। ਸ਼ਾਇਦ ਵੱਡੇ ਉਨ੍ਹਾਂ ਨੂੰ ਦੱਸਦੇ ਹਨ ਜਾਂ ਖ਼ੁਦ ਉਨ੍ਹਾਂ ਦੇ ਜ਼ਿਹਨਾਂ ਵਿੱਚ ਸਵਾਲ ਉੱਠਦੇ ਹਨ। ਅੱਲਾਹ ਤਆਲਾ ਦੀਆਂ ਸਿਫ਼ਤਾਂ ਅਜਿਹੀਆਂ ਹਨ ਕਿ ਅੱਲਾਹ ਤਆਲਾ ਹਮੇਸ਼ਾ ਤੋਂ ਹੈ ਅਤੇ ਹਮੇਸ਼ਾ ਰਹੇਗਾ ਅਤੇ ਅਸੀਮਿਤ ਹੈ ਇਸ ਲਈ ਉਸੇ ਨੇ ਹਰੇਕ ਨੂੰ ਪੈਦਾ ਕੀਤਾ ਹੈ, ਉਸਨੂੰ ਕਿਸੇ ਨੇ ਪੈਦਾ ਨਹੀਂ ਕੀਤਾ। ਜੋ ਵੀ ਇੱਕ ਤਸੱਵੁਰ ਪੈਦਾ ਹੋ ਸਕਦਾ ਹੈ ਕਿਸੇ ਆਖ਼ਰੀ ਚੀਜ਼ ਦਾ ਜੋ ਖ਼ੁਦ-ਬ-ਖ਼ੁਦ ਵਜੂਦ ਵਿੱਚ ਆਈ ਹੋਵੇ ਉਹ ਖ਼ੁਦਾ ਤਆਲਾ ਹੈ।

ਹਕ਼ੀਕ਼ੀ ਤੌਹੀਦ ਜਿਸ ਦਾ ਇਕ਼ਰਾਰ ਖ਼ੁਦਾ ਸਾਡੇ ਕੋਲੋਂ ਚਾਹੁੰਦਾ ਹੈ ਅਤੇ ਜਿਸ ਦੇ ਇਕ਼ਰਾਰ ਨਾਲ਼ **ਨਜਾਤ** ਵਾਬਸਤਾ ਹੈ, ਇਹ ਹੈ ਕਿ ਖ਼ੁਦਾ ਤਆਲਾ ਨੂੰ ਆਪਣੀ ਜ਼ਾਤ ਵਿੱਚ ਹਰ ਇੱਕ ਸ਼ਰੀਕ, ਚਾਹੇ ਉਹ **ਬੁੱਤ** ਹੋਵੇ, ਚਾਹੇ **ਇਨਸਾਨ** ਹੋਵੇ, ਚਾਹੇ **ਸੂਰਜ** ਹੋਵੇ, ਜਾਂ **ਚੰਦ** ਹੋਵੇ, ਜਾਂ ਆਪਣਾ **ਆਪ**, ਜਾਂ ਆਪਣੀ **ਤਦਬੀਰ**, ਜਾਂ ਆਪਣਾ **ਵਿਉਂਤ** ਅਤੇ **ਫ਼ਰੇਬ** ਹੋਵੇ, ਅਲੈਹਿਦਾ ਸਮਝਣਾ, ਅਤੇ ਉਸ ਦੇ ਮੁਕ਼ਾਬਲੇ 'ਤੇ ਕੋਈ **ਤਾਕ਼ਤ** ਰੱਖਣ ਵਾਲ਼ਾ ਨਾ ਸਮਝਣਾ, ਕੋਈ **ਰਿਜ਼ਕ਼** ਦੇਣ ਵਾਲ਼ਾ ਨਾ ਮੰਨਣਾ, ਕੋਈ **ਇੱਜ਼ਤ** ਦੇਣ ਵਾਲ਼ਾ ਅਤੇ ਕੋਈ **ਜ਼ਲੀਲ** ਕਰਨ ਵਾਲ਼ਾ ਖ਼ਿਆਲ ਨਾ ਕਰਨਾ, ਕੋਈ **ਸਹਾਇਤਾ** ਕਰਨ ਵਾਲ਼ਾ ਅਤੇ **ਮਦਦਗਾਰ** ਕ਼ਰਾਰ ਨਾ ਦੇਣਾ। ਅਤੇ ਦੂਸਰਾ ਇਹ ਕਿ ਆਪਣੀ **ਮੁਹੱਬਤ** ਉਸੇ ਨਾਲ਼ ਖ਼ਾਸ ਕਰਨਾ, ਆਪਣੀ **ਇਬਾਦਤ** ਉਸੇ ਲਈ ਖ਼ਾਸ ਕਰਨਾ, ਆਪਣੀਆਂ **ਉਮੀਦਾਂ** ਉਸੇ ਲਈ ਖ਼ਾਸ ਰੱਖਣਾ, ਆਪਣਾ **ਭੈ** ਉਸੇ ਨਾਲ਼ ਖ਼ਾਸ ਕਰਨਾ। ਬਸ ਕੋਈ ਤੌਹੀਦ ਬਗ਼ੈਰ ਇਨ੍ਹਾਂ ਤਿੰਨ ਕ਼ਿਸਮਾਂ ਦੇ ਮੁਕੰਮਲ ਨਹੀਂ ਹੋ ਸਕਦੀ। ਅੱਵਲ ਇਹ ਕਿ ਜ਼ਾਤ ਦੇ ਲਿਹਾਜ਼ ਨਾਲ਼ ਸਾਰੀਆਂ ਮੌਜੂਦ ਚੀਜ਼ਾਂ ਨੂੰ ਨਾ ਹੋਇਆਂ ਦੀ ਤਰ੍ਹਾਂ ਸਮਝਣਾ। ਦੂਸਰਾ, ਸਿਫ਼ਤਾਂ ਦੇ ਲਿਹਾਜ਼ ਨਾਲ਼ ਤੌਹੀਦ ਯਾਨੀ **ਰਬੂਬਿਯਤ** ਅਤੇ **ਉਲੂਹਿਯਤ** ਦੀਆਂ ਸਿਫ਼ਤਾਂ ਸਿਵਾਏ ਅੱਲਾਹ ਤਆਲਾ ਦੀ ਜ਼ਾਤ ਦੇ ਕਿਸੇ ਵਿੱਚ ਕ਼ਰਾਰ ਨਾ ਦੇਣਾ। ਤੀਸਰਾ, ਆਪਣੀ ਮੁਹੱਬਤ ਅਤੇ ਸਿਦਕ਼ ਅਤੇ ਵਫ਼ਾ ਦੇ ਲਿਹਾਜ਼ ਨਾਲ਼ ਤੌਹੀਦ ਯਾਨੀ ਮੁਹੱਬਤ ਵਗ਼ੈਰਾ ਅਬੂਦਿਯਤ ਦੇ ਸ਼ਿਆਰ ਵਿੱਚ ਕਿਸੇ ਨੂੰ ਸ਼ਰੀਕ ਨਾ ਠਹਿਰਾਉਣਾ ਅਤੇ ਉਸੇ ਵਿੱਚ ਖੋਏ ਜਾਣਾ।

ਹਜ਼ਰਤ ਮਸੀਹ ਮਸੀਹ ਮੌਊਦ ਅਲੈਹਿੱਸ੍ ਸਲਾਤੋ ਵੱਸ੍-ਸਲਾਮ ਫ਼ਰਮਾਉਂਦੇ ਹਨ: ਖ਼ੁਦਾ ਨੇ ਕ਼ੁਰਆਨ ਕਰੀਮ ਵਿੱਚ ਸੱਚ ਫ਼ਰਮਾਇਆ ਹੈ ਕਿ ਕ਼ਰੀਬ ਹੈ ਕਿ ਇਸ ਝੂਠ ਘੜਣ ਨਾਲ਼ ਆਸਮਾਨ **ਪਾਟ** ਜਾਵੇ ਕਿ ਇੱਕ ਨਿਮਾਣੇ ਇਨਸਾਨ ਨੂੰ ਖ਼ੁਦਾ ਬਣਾਇਆ ਜਾਂਦਾ ਹੈ। ਮੇਰਾ ਇਸ ਦਰਦ ਨਾਲ਼ ਇਹ ਹਾਲ ਹੈ ਕਿ ਜੇਕਰ ਦੂਸਰੇ ਲੋਕ ਸ੍ਵਰਗ ਚਾਹੁੰਦੇ ਹਨ ਤਾਂ ਮੇਰਾ ਸ੍ਵਰਗ ਇਹੀ ਹੈ ਕਿ ਮੈਂ ਆਪਣੀ ਜ਼ਿੰਦਗੀ ਵਿੱਚ ਇਸ ਸ਼ਿਰਕ ਤੋਂ ਇਨਸਾਨਾਂ ਨੂੰ **ਮੁਕਤੀ** ਪਾਉਂਦੇ ਅਤੇ ਖ਼ੁਦਾ ਦਾ **ਜਲਾਲ** ਜ਼ਾਹਿਰ ਹੁੰਦੇ ਹੋਏ ਦੇਖ ਲਵਾਂ ਅਤੇ ਮੇਰੀ ਰੂਹ ਹਰ ਵੇਲ਼ੇ ਦੁਆ ਕਰਦੀ ਹੈ ਕਿ ਐ ਖ਼ੁਦਾ! ਜੇਕਰ ਮੈਂ ਤੇਰੇ ਵੱਲੋਂ ਹਾਂ ਅਤੇ ਤੇਰੇ ਫ਼ਜ਼ਲ ਦਾ ਸਾਇਆ ਮੇਰੇ ਨਾਲ਼ ਹੈ ਤਾਂ ਤੂੰ ਮੈਨੂੰ ਉਹ ਦਿਨ ਦਿਖਾ ਕਿ ਹਜ਼ਰਤ ਮਸੀਹ عليه السلام ਦੇ ਸਿਰ ਤੋਂ ਇਹ **ਤੁਹਮਤ** ਚੁੱਕ ਦਿੱਤੀ ਜਾਵੇ ਕਿ ਗੋਇਆ ਨਊਜ਼ੁਬਿੱਲਾਹ نعوذباللہ ਉਨ੍ਹਾਂ ਨੇ ਖ਼ੁਦਾਈ ਦਾ ਦਾਅਵਾ ਕੀਤਾ ਹੈ। ਇੱਕ ਜ਼ਮਾਨਾ ਲੰਘ ਗਿਆ ਕਿ ਮੇਰੀਆਂ ਪੰਜ ਵੇਲ਼ੇ ਦੀਆਂ ਇਹੀ ਦੁਆਵਾਂ ਹਨ ਕਿ ਖ਼ੁਦਾ ਉਨ੍ਹਾਂ ਲੋਕਾਂ ਨੂੰ ਅੱਖਾਂ ਬਖ਼ਸ਼ੇ ਅਤੇ ਉਸ ਦੀ ਵਹਦਾਨਿਯਤ 'ਤੇ ਇਮਾਨ ਲਿਆਵਣ ਅਤੇ ਉਸ ਦੇ ਰਸੂਲ ﷺ ਨੂੰ ਪਛਾਣ ਲੈਣ ਅਤੇ **ਤਸਲੀਸ** (ਤਿੰਨ ਖ਼ੁਦਾ) ਦੇ ਅਕ਼ੀਦੇ ਤੋਂ ਤੌਬਾ ਕਰ ਲੈਣ।

ਹਜ਼ੂਰ ਨੇ ਫ਼ਰਮਾਇਆ ਕਿ **ਇਸਾਇਯਤ** ਅਮਲਨ ਤਾਂ ਖ਼ਤਮ ਹੁੰਦੀ ਜਾ ਰਹੀ ਹੈ। ਤਸਲੀਸ (ਤਿੰਨ ਖ਼ੁਦਾ) ਦਾ ਨਜ਼ਰੀਆ ਤਾਂ ਸਿਰਫ਼ ਹੁਣ ਉਨ੍ਹਾਂ ਦਾ ਕਿਤਾਬੀ ਨਜ਼ਰੀਆ ਰਹਿ ਗਿਆ ਹੈ। ਬਹੁਤ ਘੱਟ ਹਨ ਜਿਹੜੇ ਪ੍ਰੈਕਟਿਸ ਕਰਨ ਵਾਲ਼ੇ ਹਨ। ਯੂਰਪ ਵਿੱਚ ਖ਼ਾਸ ਤੌਰ 'ਤੇ, ਅਫ਼ਰੀਕ਼ਾ ਅਤੇ ਪੱਛਮੀ ਅਮਰੀਕਾ ਵਿੱਚ ਅਜੇ ਵੀ ਹਨ। ਪਰ ਜਿਹੜੇ ਤਸਲੀਸ (ਤਿੰਨ ਖ਼ੁਦਾ) ਦੇ ਨਜ਼ਰੀਏ ਨੂੰ ਛੱਡ ਵੀ ਰਹੇ ਹਨ ਉਹ ਵੀ ਇੱਕ ਖ਼ੁਦਾ ਨੂੰ ਨਹੀਂ ਮੰਨਦੇ। ਬਸ ਤੌਹੀਦ ਨੂੰ ਕ਼ਾਇਮ ਕਰਨ ਦੇ ਲਈ ਸਾਨੂੰ ਜਿਸ ਹੱਦ ਤੱਕ ਕੋਸ਼ਿਸ਼ ਮੁਮਕਿਨ ਹੋਵੇ, ਕਰਨੀ ਚਾਹੀਦੀ ਹੈ।

ਅੱਲਾਹ ਤਆਲਾ ਕਰੇ ਕਿ ਜਿਸ ਮਕ਼ਸਦ ਨੂੰ ਪੂਰਾ ਕਰਨ ਦੇ ਲਈ ਅੱਲਾਹ ਤਆਲਾ ਨੇ ਆਪ عليه السلام ਨੂੰ ਭੇਜਿਆ ਸੀ ਅਤੇ ਜਿਸ ਤੌਹੀਦ ਦੀ ਸਿੱਖਿਆ ਦਾ ਆਂਹਜ਼ਰਤ ਸੱਲ-ਲੱਲਾਹੁ ਅਲੈਹਿ-ਵਸੱਲਮ ਨੇ ਐਲਾਨ ਫ਼ਰਮਾਇਆ ਸੀ, ਉਸ ਹਕ਼ੀਕ਼ੀ ਤੌਹੀਦ 'ਤੇ ਅਸੀਂ ਅਮਲ ਕਰਨ ਵਾਲ਼ੇ ਵੀ ਹੋਈਏ ਅਤੇ ਦੁਨੀਆ ਵਿੱਚ ਫੈਲਾਉਣ ਵਾਲ਼ੇ ਵੀ ਹੋਈਏ। ਦੁਨੀਆ ਦੀ ਜ਼ਿੰਦਗੀ ਦਾ ਹੁਣ ਇੱਕ ਇਹੀ ਹੱਲ ਹੈ।

ਆਖ਼ਿਰ 'ਤੇ ਹਜ਼ੂਰ ਅਨਵਰ ਨੇ ਮੁਕੱਰਮ ਖ਼ਵਾਜਾ ਜ਼ਫ਼ਰ ਅਹਮਦ ਸਾਹਿਬ ਸਾਬਿਕ਼ ਅਮੀਰ ਜਮਾਅਤ ਅਹਮਦਿੱਯਾ ਜ਼ਿਲ੍ਹਾ ਸਿਆਲਕੋਟ ਅਤੇ ਮੁਕੱਰਮ ਅਜ਼ਰਾਗੋ ਅਲੀ ਸਾਹਿਬ ਆੱਫ਼ ਬੁਰਕੀਨਾ ਫ਼ਾਸੋ ਦਾ **ਜ਼ਿਕਰਿ ਖ਼ੈਰ** ਫ਼ਰਮਾਇਆ, ਦੋਹਾਂ ਮਰਹੂਮਾਂ ਦੇ ਲਈ **ਮਗ਼ਫ਼ਿਰਤ** ਅਤੇ ਦਰਜਿਆਂ ਦੀ ਬੁਲੰਦੀ ਦੇ ਲਈ ਦੁਆ ਕੀਤੀ ਅਤੇ **ਨਮਾਜ਼ਿ ਜਨਾਜ਼ਾ ਗ਼ਾਇਬ** ਪੜ੍ਹਾਉਣ ਦਾ ਐਲਾਨ ਫ਼ਰਮਾਇਆ।

أَلْحَمْدُ لِلّٰهِ نَحْمَدُهٗ وَنَسْتَعِيْنُهٗ وَنَسْتَغْفِرُهٗ وَنُؤْمِنُ بِهٖ وَنَتَوَكَّلُ عَلَيْهِ وَنَعُوْذُ بِاللّٰهِ مِنْ شُرُوْرِ أَنْفُسِنَا وَمِنْ سَيِّاٰتِ أَعْمَالِنَا مَنْ يَّهْدِهِ اللّٰهُ فَلَا مُضِلَّ لَهٗ وَمَنْ يُّضْلِلْهُ فَلَا هَادِيَ لَهٗ ۞ وَنَشْهَدُ أَنْ لَّآ إِلٰهَ إِلَّا اللّٰهُ وَحْدَهٗ لَا شَرِيْكَ لَهٗ وَنَشْهَدُ أَنَّ مُحَمَّدًا عَبْدُهٗ وَرَسُوْلُهٗ ۞ عِبَادَ اللّٰهِ رَحِمَكُمُ اللّٰهُ إِنَّ اللّٰهَ يَأْمُرُ بِالْعَدْلِ وَالْإِحْسَانِ وَإِيْتَآءِ ذِي الْقُرْبٰى وَيَنْهٰى عَنِ الْفَحْشَآءِ وَالْمُنْكَرِ وَالْبَغْيِ ۚ يَعِظُكُمْ لَعَلَّكُمْ تَذَكَّرُوْنَ أُذْكُرُوا اللّٰهَ يَذْكُرْكُمْ وَادْعُوْهُ يَسْتَجِبْ لَكُمْ وَلَذِكْرُ اللّٰهِ أَكْبَرُ ۞